# ਆਪਣੀ ਰਾਇ ਦਿਓ

# ਅੱਗੇ ਪੜ੍ਹੋ...

## ਇਹ ਕਿਸ ਤਰ੍ਹਾਂ ਕੰਮ ਕਰਦਾ ਹੈ?

### ਕਦਮ 1

ਮੈਂ ਇੱਕ ਪੱਤਰ ਨੱਥੀ ਕੀਤਾ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ ਮੇਰੇ ਕੋਲ ਪਹਿਲਾਂ ਤੋਂ ਤੁਹਾਡੇ ਬਾਰੇ ਅਤੇ ਤੁਹਾਡੀ ਸਥਿਤੀ ਬਾਰੇ ਕੀ ਜਾਣਕਾਰੀ ਹੈ। ਮੈਂ ਦੱਸਿਆ ਹੈ ਕਿ ਮੈਂ ਆਪਣਾ ਫ਼ੈਸਲਾ ਕਿਵੇ ਲਵਾਂਗਾ ਅਤੇ ਮੈਂ ਤੁਹਾਨੂੰ ਕੁਝ ਪ੍ਰਸ਼ਨ ਪੁੱਛੇ ਹੋ ਸਕਦੇ ਹਨ।

### ਕਦਮ 2

ਤੁਹਾਨੂੰ ਹੁਣ ਇਸ ਪੱਤਰ ਦਾ ਜਵਾਬ ਦੇਣਾ ਚਾਹੀਦਾ ਹੈ। ਮੈਨੂੰ ਦੱਸੋ ਕਿ ਮੇਰੇ ਕੋਲ ਤੁਹਾਡੇ ਬਾਰੇ ਜੋ ਜਾਣਕਾਰੀ ਹੈ ਕੀ ਉਹ ਸਹੀ ਹੈ। ਮੈਨੂੰ ਅਜਿਹੀ ਕੋਈ ਵੀ ਹੋਰ ਗੱਲ ਦੱਸੋ ਜੋ ਤੁਸੀਂ ਸੋਚਦੇ ਹੋ ਕਿ ਮੈਨੂੰ ਪਤਾ ਹੋਣਾ ਚਾਹੀਦੀ ਹੈ ਅਤੇ ਕਿਸੇ ਵੀ ਪ੍ਰਸ਼ਨਾਂ ਦੇ ਉੱਤਰ ਦਵੋ। ਇਹ ਮੱਹਤਵਪੂਰਨ ਹੈ ਕਿਉਂਕਿ ਤੁਹਾਡੇ ਲਈ ਇਹ ਇਸ ਗੱਲ ਨੂੰ ਯਕੀਨੀ ਬਣਾਉਣ ਦਾ ਮੌਕਾ ਹੈ ਕਿ ਮੇਰੇ ਕੋਲ ਉਹ ਸਾਰੀ ਜਾਣਕਾਰੀ ਹੋਵੇ ਜੋ ਮੈਨੂੰ ਸਹੀ ਫ਼ੈਸਲਾ ਕਰਨ ਲਈ ਚਾਹੀਦੀ ਹੈ।

### ਕਦਮ 3

ਜਦੋ ਮੈਨੂੰ ਤੁਹਾਡਾ ਜਵਾਬ ਮਿਲੇਗਾ, ਤਾਂ ਮੈਂ ਆਪਣਾ ਫ਼ੈਸਲਾ ਕਰਾਂਗਾ ਜਦ ਤਕ ਕਿ ਮੈਨੂੰ ਹੋਰ ਜਾਣਕਾਰੀ ਨਾ ਚਾਹੀਦੀ ਹੋਵੇ। ਜੇ ਤੁਸੀਂ ਜਵਾਬ ਨਹੀਂ ਦਿੰਦੇ ਹੋ, ਤਾਂ ਮੈਂ ਸ਼ਾਇਦ ਉਸ ਜਾਣਕਾਰੀ ਨੂੰ ਵਰਤਦੇ ਹੋਏ ਆਪਣਾ ਫ਼ੈਸਲਾ ਕਰਾਂਗਾ ਜੋ ਮੇਰੇ ਕੋਲ ਪਹਿਲਾਂ ਤੋਂ ਹੈ। ਮੈਂ ਤੁਹਾਨੂੰ ਲਿਖਤੀ ਫ਼ੈਸਲਾ ਭੇਜਾਂਗਾ ਅਤੇ ਇੱਕ ਕਾਪੀ ਜੋਬਸੈਂਟਰ ਪਲੱਸ ਨੂੰ ਭੇਜਾਗਾਂ।

irs
Independent Review Service
for the Social Fund

## ਇਸ ਵਿੱਚ ਕਿੰਨਾ ਸਮਾਂ ਲੱਗਦਾ ਹੈ

ਜਿੰਨੀ ਛੇਤੀ ਤੁਸੀਂ ਜਵਾਬ ਦਿਓਗੇ, ਓਨੀ ਹੀ ਛੇਤੀ ਮੈਂ ਆਪਣਾ ਫ਼ੈਸਲਾ ਕਰ ਸਕਾਂਗਾ। ਇਹ ਆਮ ਕਰਕੇ ਤੁਹਾਡੇ ਜਵਾਬ ਦੇ ਇੱਕ ਹਫ਼ਤੇ ਦੇ ਅੰਦਰ ਹੋ ਜਾਵੇਗਾ।

## ਜੇ ਤੁਹਾਡੇ ਕੋਈ ਪ੍ਰਸ਼ਨ ਹਨ

ਅਸੀਂ ਤੁਹਾਡੀ ਮਦਦ ਕਰਨ ਦੀ ਵੱਧ ਤੋਂ ਵੱਧ ਕੋਸ਼ਿਸ਼ ਕਰਾਂਗੇ। ਸਾਨੂੰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9.00 ਵਜੇ ਤੋਂ ਸ਼ਾਮ 4.30 ਵਜੇ ਦੇ ਵਿਚਕਾਰ 0800 096 1926 'ਤੇ ਫ਼ੋਨ ਕਰੋ। ਤੁਹਾਡਾ ਸਿੱਧਾ ਕਿਸੇ ਅਜਿਹੇ ਵਿਅਕਤੀ ਨਾਲ ਸੰਪਰਕ ਹੋ ਜਾਵੇਗਾ ਜੋ ਮਦਦ ਕਰ ਸਕਦਾ ਹੋਵੇ। ਤੁਹਾਡੀ ਕਾਲ ਲੈਂਡਲਾਈਨ ਤੋਂ ਮੁਫ਼ਤ ਹੋਵੇਗੀ। ਜੇ ਤੁਸੀਂ ਮੋਬਾਈਲ ਫ਼ੋਨ ਵਰਤਦੇ ਹੋ, ਤਾਂ ਅਸੀਂ ਤੁਹਾਨੂੰ ਵਾਪਸ ਫ਼ੋਨ ਕਰਾਂਗੇ।

## ਜਵਾਬ ਕਿਵੇਂ ਦੇਣਾ ਹੈ

ਤੁਸੀਂ ਫ਼ੋਨ ਦੁਆਰਾ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9.00 ਵਜੇ ਤੋਂ ਸ਼ਾਮ 4.30 ਵਜੇ ਦੇ ਵਿਚਕਾਰ 0800 096 1926 'ਤੇ ਜਵਾਬ ਦੇ ਸਕਦੇ ਹੋ। ਤੁਹਾਡੀ ਕਾਲ ਲੈਂਡਲਾਈਨ ਤੋਂ ਮੁਫ਼ਤ ਹੋਵੇਗੀ। ਜੇ ਤੁਸੀਂ ਮੋਬਾਈਲ ਫ਼ੋਨ ਵਰਤਦੇ ਹੋ, ਤਾਂ ਅਸੀਂ ਤੁਹਾਨੂੰ ਵਾਪਸ ਫ਼ੋਨ ਕਰਾਂਗੇ। ਆਮ ਤੌਰ 'ਤੇ ਤੁਹਾਡਾ ਸਿੱਧਾ ਸੰਪਰਕ ਹੋ ਸਕਦਾ ਹੈ। ਇਹ ਜਵਾਬ ਦੇਣ ਦਾ ਸਭ ਤੋਂ ਤੇਜ਼ ਤਰੀਕਾ ਹੈ। ਅਸੀਂ ਤੁਹਾਡੇ ਜਵਾਬ ਨੂੰ ਲਿਖ ਲਵਾਂਗੇ ਅਤੇ ਇਹ ਤੁਹਾਨੂੰ ਪੜ੍ਹ ਕੇ ਸੁਣਾਵਾਂਗੇ। ਤੁਸੀਂ ਜੋ ਕੁਝ ਕਿਹਾ ਹੈ, ਉਸਦੀ ਇੱਕ ਕਾਪੀ ਅਸੀਂ ਫ਼ੈਸਲੇ ਦੇ ਨਾਲ ਤੁਹਾਨੂੰ ਭੇਜਾਂਗੇ।

ਤੁਸੀਂ ਲਿਖਤੀ ਤੌਰ 'ਤੇ ਜਵਾਬ ਦੇ ਸਕਦੇ ਹੋ, **ਉਸ ਜਵਾਬੀ ਫ਼ਾਰਮ ਅਤੇ ਲਿਫ਼ਾਫ਼ੇ ਨੂੰ ਵਰਤੋਂ ਜੋ ਅਸੀਂ ਤੁਹਾਨੂੰ ਭੇਜੇ ਹਨ।**

ਜੇ ਤੁਹਾਨੂੰ ਸਾਡੇ ਨਾਲ ਕਿਸੇ ਹੋਰ ਭਾਸ਼ਾ ਵਿੱਚ ਗੱਲ ਕਰਨ ਦੀ ਜਾਂ ਪੱਤਰ ਲਿਖਣ ਦੀ ਲੋੜ ਹੈ, ਤਾਂ ਅਸੀਂ ਇਸ ਦਾ ਪ੍ਰਬੰਧ ਕਰ ਸਕਦੇ ਹਾਂ। ਸਾਨੂੰ 0800 096 1926 'ਤੇ ਫ਼ੋਨ ਕਰੋ ਅਤੇ ਅਸੀਂ ਇਸ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰਾਂਗੇ।

## ਜੇ ਤੁਹਾਨੂੰ ਦੇਖਣ ਜਾਂ ਸੁਣਨ ਸੰਬੰਧੀ ਮੁਸ਼ਕਲਾਂ ਹਨ

ਜੇ ਤੁਹਾਡੀ ਨਜ਼ਰ ਕਮਜ਼ੋਰ ਹੈ ਅਤੇ ਤੁਹਾਨੂੰ ਸਾਡੇ ਪੱਤਰ ਬ੍ਰੇਲ ਵਿੱਚ ਜਾਂ ਵੱਡੇ ਅੱਖਰਾਂ ਵਿੱਚ ਚਾਹੀਦੇ ਹਨ, ਤਾਂ ਕਿਰਪਾ ਕਰਕੇ ਸਾਨੂੰ 0800 096 1926 'ਤੇ ਫ਼ੋਨ ਕਰੋ।

ਜੇ ਤੁਸੀਂ ਸੁਣ ਨਹੀਂ ਸਕਦੇ ਹੋ ਜਾਂ ਤੁਹਾਨੂੰ ਉੱਚਾ ਸੁਣਦਾ ਹੈ ਅਤੇ ਤੁਹਾਡੇ ਕੋਲ ਟੈਕਸਟ ਫ਼ੋਨ ਹੈ, ਤਾਂ ਤੁਸੀਂ ਸਾਨੂੰ 0800 096 1929 'ਤੇ ਫ਼ੋਨ ਕਰ ਸਕਦੇ ਹੋ।

## ਜੇ ਤੁਹਾਡੀ ਕੋਈ ਸ਼ਿਕਾਇਤ ਹੈ

ਜੇ ਤੁਸੀਂ ਸਾਡੀ ਸੇਵਾਂ ਦੇ ਕਿਸੇ ਪਹਿਲੂ ਤੋਂ ਸੰਤੁਸ਼ਟ ਨਹੀਂ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ। ਤੁਸੀਂ 0800 096 1928 'ਤੇ ਮੁਫ਼ਤ ਫ਼ੋਨ ਕਰ ਸਕਦੇ ਹੋ ਜਾਂ ਸਾਨੂੰ ਇਸ ਪਤੇ 'ਤੇ ਪੱਤਰ ਲਿਖੋ: Independent Review Service,
Freepost.

**ਸਾਡੀ ਗੁਪਤਤਾ ਨੀਤੀ ਵਿਆਖਿਆ ਕਰਦੀ ਹੈ ਕਿ ਅਸੀਂ ਉਸ ਜਾਣਕਾਰੀ ਨੂੰ ਕਿਵੇਂ ਵਰਤਦੇ ਹਾਂ ਜੋ ਤੁਸੀਂ ਸਾਨੂੰ ਦਿੰਦੇ ਹੋ। ਇਹ ਬੇਨਤੀ ਕਰਕੇ ਮੰਗੀ ਜਾ ਸਕਦੀ ਹੈ ਜਾਂ ਸਾਡੀ ਵੈਬਸਾਈਟ www.irs-review.org.uk 'ਤੇ ਪੜ੍ਹੀ ਜਾ ਸਕਦੀ ਹੈ।**